ਦਫ਼ਤਰ ਕਾਰਜਕਾਰੀ ਇੰਜੀਨੀਅਰ, ਜਲ ਨਿਕਾਸ ਉਸਾਰੀ ਮੰਡਲ ਸੰਗਰੂਰ
ਫੋਨ ਅਤੇ ਫੈਕਸ ਨੰ: 01672-234086 ਈਮੇਲ : xendrainage_srg@yahoo.in

ਨੰ: 2829-30 /14-ਡ ਮਿਤੀ 5/7/2019

ਵੱਲ,

ਅੰਗਰੂੀ ਦੇਵੀ ਪਤਨੀ ਸ੍ਰੀ ਅਸ਼ੋਕ ਕੁਮਾਰ,
ਅਤੇ ਮੋਨਿਕਾ ਗਰਗ ਪੁੱਤਰੀ ਸ੍ਰੀ ਅਸ਼ੋਕ ਕੁਮਾਰ,
ਵਾਸੀ ਧੂਰੀ, ਜਿਲ੍ਹਾ ਸੰਗਰੂਰ।

ਵਿਸ਼ਾ:- ਸਲੈਬ ਪੁੱਲ ਦੀ ਮੰਨਜੂਰੀ ਲੈਣ ਸਬੰਧੀ।

ਹਵਾਲਾ:- ਆਪ ਜੀ ਦਾ ਬਿਨੈ ਪੱਤਰ ਮਿਤੀ 23/10/2018

ਉਪਰੋਕਤ ਵਿਸ਼ੇ ਸਬੰਧੀ ਆਪ ਵੱਲੋਂ ਇਸ ਦਫਤਰ ਵਿੱਚ ਦਰਖਾਸਤ ਦੇ ਕੇ ਬਹਾਦਰ ਸਿੰਘ ਵਾਲਾ ਡਰੇਨ ਦੀ ਬੁਰਜੀ 169700 ਤੇ ਬਣੇ ਖਸਤਾ ਹਾਲਤ ਪਾਈਪਾਂ ਵਾਲੇ ਪੁੱਲ ਨੂੰ ਤੋੜ ਕੇ ਸਲੈਬ ਵਾਲਾ ਪੱਕਾ ਪੁੱਲ ਆਪਣੇ ਖਰਚੇ ਤੇ ਬਣਾਉਣ ਦੀ ਮੰਗ ਕੀਤੀ ਹੈ।ਇਸ ਸਬੰਧੀ ਉਪ ਮੰਡਲ ਅਫਸਰ, ਜਲ ਨਿਕਾਸ ਉਪ ਮੰਡਲ, ਸੰਗਰੂਰ ਨੇ ਆਪਣੇ ਪੱਤਰ ਨੰ: 252/3-ਡ ਮਿਤੀ 19/06/2019 ਰਾਹੀਂ ਰਿਪੋਰਟ ਕੀਤੀ ਹੈ ਕਿ ਬਹਾਦਰ ਸਿੰਘ ਵਾਲਾ ਡਰੇਨ ਦੀ ਬੁਰਜੀ 169700 ਤੇ ਪਾਈਪਾਂ ਵਾਲਾ ਖਸਤਾ ਹਾਲਤ ਪੁੱਲ ਬਣਿਆ ਹੋਇਆ ਹੈ। ਜਿਸ ਵਿੱਚ ਬਰਸਾਤਾਂ ਦੌਰਾਨ ਬੇਲਾ ਬੂਟੀ ਆਦਿ ਫਸਣ ਕਾਰਨ ਪਾਣੀ ਦੇ ਵਹਾਅ ਵਿੱਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਉਪਰਲੇ ਪਾਸੇ ਡਰੇਨ ਦੇ ਓਵਰ ਫਲੋਅ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ। ਸਲੈਬ ਵਾਲਾ ਪੁੱਲ ਬਣਨ ਨਾਲ ਪਾਣੀ ਦੇ ਵਹਾਅ ਵਿੱਚ ਕੋਈ ਦਿੱਕਤ ਨਹੀਂ ਆਵੇਗੀ। ਇਸ ਲਈ ਆਪ ਨੂੰ ਆਪਣੇ ਖਰਚੇ ਤੇ ਸਲੈਬ ਵਾਲਾ ਪੁੱਲ ਬਣਾਉਣ ਦੀ ਮੰਨਜੂਰੀ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਉਪ ਮੰਡਲ ਅਫਸਰ,ਜਲ ਨਿਕਾਸ ਉਪ ਮੰਡਲ ਸੰਗਰੂਰ ਵੱਲੋਂ ਕੀਤੀ ਸਿਫਾਰਸ਼ ਅਤੇ ਉਪਰੋਕਤ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਖਸਤਾ ਹਾਲਤ ਬਣੇ ਆਰਜ਼ੀ ਪੁੱਲ ਦੀ ਮੁਰੰਮਤ ਕਰਨ ਦੀ ਮੰਨਜੂਰੀ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤੀ ਜਾਂਦੀ ਹੈ:-

1) ਪੁੱਲ ਦੀ ਮੁਰੰਮਤ ਤੇ ਆਉਣ ਵਾਲਾ ਸਾਰਾ ਖਰਚਾ ਆਪ ਵੱਲੋਂ ਕੀਤਾ ਜਾਵੇਗਾ।ਇਸ ਵਿੱਚ ਮਹਿਕਮੇ ਵੱਲੋਂ ਕੋਈ ਵੀ ਰਿਕਵਰੀ ਨਹੀਂ ਦਿੱਤੀ ਜਾਵੇਗੀ।
2) ਆਰਜ਼ੀ ਪੁੱਲ ਦੀ ਮੁਰੰਮਤ ਕਰਨ ਉਪਰੰਤ ਬਹਾਦਰ ਸਿੰਘ ਵਾਲਾ ਡਰੇਨ ਵਿੱਚੋਂ ਮਲਬਾ ਆਦਿ ਦੀ ਚੰਗੀ ਤਰ੍ਹਾਂ ਸਫਾਈ ਕਰਵਾਈ ਜਾਵੇ।
3) ਇਹ ਕੰਮ ਸਬੰਧਤ ਜੇ.ਈ/ਏ.ਈ ਨਿਗਰਾਨੀ ਹੇਠ ਕਰਵਾਇਆ ਜਾਵੇ।
4) ਡਰੇਨ ਦੇ ਵਹਾਅ ਵਿੱਚ ਕਿਸੇ ਕਿਸਮ ਦੀ ਰੁਕਾਵਟ ਆਦਿ ਨਹੀਂ ਪੈਣੀ ਚਾਹੀਦੀ।
5) ਹਰ ਸਾਲ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਪੁੱਲ ਦੇ ਅਪ-ਸਟਰੀਮ ਅਤੇ ਡਾਉਨ-ਸਟਰੀਮ ਦੀ ਸਫਾਈ ਕਰਵਾਉਣੀ ਯਕੀਨੀ ਬਣਾਈ ਜਾਵੇ।
6) ਪੁੱਲ ਦੀ ਮੁਰੰਮਤ ਹੋਣ ਉਪਰੰਤ ਇਹ ਮਹਿਕਮਾ ਡਰੇਨੇਜ਼ ਦੀ ਮਲਕੀਅਤ ਹੋਵੇਗੀ।
7) ਇਹ ਪੁੱਲ ਆਮ ਜਨਤਾ ਦੀ ਆਵਾਜ਼ਾਈ ਲਈ ਵੀ ਹੋਵੇਗਾ।
8) ਭਵਿੱਖ ਵਿੱਚ ਸਰਕਾਰੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਸ ਪੁੱਲ ਨੂੰ ਡਿਸਮੈਂਟਲ ਕਰਨ ਦਾ ਹੱਕ ਵੀ ਵਿਭਾਗ ਪਾਸ ਹੋਵੇਗਾ।

ਕਾਰਜਕਾਰੀ ਇੰਜੀਨੀਅਰ
ਜਲ ਨਿਕਾਸ ਉਸਾਰੀ ਮੰਡਲ
ਸੰਗਰੂਰ

ਸੀ.ਸੀ:- ਉਪ ਮੰਡਲ ਅਫਸਰ, ਜਲ ਨਿਕਾਸ ਉਪ ਮੰਡਲ ਸੰਗਰੂਰ ਨੂੰ ਉਹਨਾਂ ਦੇ ਪੱਤਰ ਨੰ: 252/3-ਡ ਮਿਤੀ 19/06/2019 ਸਬੰਧ ਵਿੱਚ ਸੂਚਨਾ ਅਤੇ ਲੋੜੀਂਦੀ ਪੈਰਵਾਈ ਹਿੱਤ।